

ਮਾਨਯੋਗ ਖੇਤੀਬਾੜੀ ਮੰਤਰੀ ਸ. ਤੋਤਾ ਸਿੰਘ , ਪੰਜਾਬ ਸਟੇਟ ਫਾਰਮਰਜ਼ ਕਮਿਸ਼ਨ ਦੇ ਚੇਅਰਮੈਨ ਡਾ. ਜੀ ਐਸ ਕਾਲਕਟ ਅਤੇ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਕੋਲੋਂ ਸ. ਰਵਿੰਦਰ ਸਿੰਘ ਬਰਾੜ ਮੁੱਖ ਮੰਤਰੀ ਪੁਰਸਕਾਰ ਹਾਸਲ ਕਰਦੇ ਹੋਏ। ਨਿਰਦੇਸ਼ਕ ਪਸਾਰ ਸਿੱਖਿਆ ਡਾ. ਰਾਜਿੰਦਰ ਸਿੰਘ ਸਿੱਧੂ ਨਾਲ ਖੜ੍ਹੇ ਹਨ ।

## ਨਵੀਂ ਸੋਚ ਦੇ ਧਾਰਨੀ
## ਸ. ਰਵਿੰਦਰ ਸਿੰਘ ਬਰਾੜ

ਸ. ਰਵਿੰਦਰ ਸਿੰਘ ਬਰਾੜ ਸਪੁੱਤਰ ਸ. ਕੰਵਰਜੀਤ ਸਿੰਘ ਬਰਾੜ ਪਿੰਡ ਕਾਉਣੀ ਤਹਿਸੀਲ ਗਿੱਦੜਬਾਹਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਨਿਵਾਸੀ ਹਨ। 36 ਸਾਲਾ ਅੰਡਰ ਗ੍ਰੈਜੂਏਟ ਇਸ ਨੌਜਵਾਨ ਕਿਸਾਨ ਕੋਲ 77 ਏਕੜ ਜੱਦੀ ਪੁਸ਼ਤੀ ਜ਼ਮੀਨ ਹੈ ਜਿਸ ਵਿਚੋਂ ਉਨ੍ਹਾਂ ਨੇ 6 ਏਕੜ ਜ਼ਮੀਨ ਠੇਕੇ ਤੇ ਦਿੱਤੀ ਹੋਈ ਹੈ ਅਤੇ ਉਹ ਖੁਦ 71 ਏਕੜ ਜ਼ਮੀਨ ਤੇ ਵਾਹੀ ਕਰਦੇ ਹਨ । ਉਨ੍ਹਾਂ ਨੇ ਕੇਵਲ ਕ੍ਰਿਸ਼ੀ ਵਿਗਿਆਨ ਕੇਂਦਰ, ਮੁਕਤਸਰ ਵਿਖੇ ਸੈਂਟਰਲ ਵੇਅਰ ਹਾਊਸਿੰਗ ਦੀ ਸਿਖਲਾਈ ਪ੍ਰਾਪਤ ਕੀਤੀ ਹੈ । ਸੰਨ 2013 ਵਿੱਚ ਖੇਤੀ ਵਿਭਿੰਨਤਾ ਸੰਬੰਧੀ ਮੁੱਖ ਮੰਤਰੀ ਪੰਜਾਬ ਸਰਕਾਰ ਵੱਲੋਂ ਕਰਵਾਈ ਗਈ ਮੀਟਿੰਗ ਵਿੱਚ ਬਾਸਮਤੀ ਦੀ ਖੇਤੀ ਸੰਬੰਧੀ ਸੈਸ਼ਨ ਵਿੱਚ ਜ਼ਿਲ੍ਹਾ ਮੁਕਤਸਰ ਸਾਹਿਬ ਵੱਲੋਂ ਭਾਗ ਲਿਆ ਜਿਸ ਵਿੱਚ ਬਾਸਮਤੀ ਦੀ ਖੇਤੀ ਨੂੰ ਕਾਮਯਾਬ ਕਰਨ ਲਈ ਅਤੇ ਪੰਜਾਬ ਵਿੱਚ ਖੇਤੀ ਵਿਭਿੰਨਤਾ ਸੰਬੰਧੀ ਸੁਝਾਅ ਦਿੱਤੇ । ਇਸ ਤੋਂ ਇਲਾਵਾ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਮੁੱਖ ਮੰਤਰੀ ਵੱਲੋਂ ਕਰਾਈ ਗਈ ਮੀਟਿੰਗ ਵਿੱਚ ਭਾਗ ਲੈ ਕੇ ਹੈਪੀ ਸੀਡਰ ਸੰਬੰਧੀ ਆਪਣਾ ਤਜ਼ਰਬਾ ਸਾਂਝਾ ਕੀਤਾ । ਉਹ ਕਿਸਾਨ ਸਲਾਹਕਾਰ ਕਮੇਟੀ ਦਾ ਬਲਾਕ, ਜ਼ਿਲ੍ਹਾ ਅਤੇ ਪੰਜਾਬ ਪੱਧਰ ਦੇ ਮੈਂਬਰ ਹਨ। ਉਹ ਪੀ ਏ ਯੂ ਕਿਸਾਨ ਕਲੱਬ, ਪ੍ਰੋਗਰੈਸਿਵ ਫਾਰਮਰਜ਼ ਕਲੱਬ, ਖੇਤੀਬਾੜੀ ਕਮੇਟੀ ਦੇ ਮੈਂਬਰ ਹਨ । ਗਿਆਨ ਪ੍ਰਾਪਤੀ ਦੀ ਜਗਿਆਸਾ ਲਈ ਉਹ ਪੀ ਏ ਯੂ ਵੱਲੋਂ ਲਗਾਏ ਜਾਂਦੇ ਕਿਸਾਨ ਮੇਲਿਆਂ ਵਿੱਚ ਸ਼ਿਰਕਤ ਕਰਦੇ ਹਨ । ਚੰਡੀਗੜ੍ਹ ਵਿਖੇ ਆਯੋਜਿਤ ਕੀਤੇ ਜਾਂਦੇ ਐਗਰੋਟੈੱਕ ਮੇਲੇ ਵਿੱਚ ਸਾਲ 2008 ਤੋਂ ਹਾਜ਼ਰੀ ਭਰ ਰਹੇ ਹਨ । ਇਸ ਤੋਂ ਇਲਾਵਾ ਦਿੱਲੀ ਵਿੱਚ ਆਯੋਜਿਤ ਮਸ਼ੀਨਰੀ ਸੰਬੰਧੀ ਟਰੇਡ ਫੇਅਰ ਵਿੱਚ ਵੀ ਭਾਗ ਲਿਆ ਅਤੇ ਨੈਸ਼ਨਲ ਐਵਾਰਡੀ ਮਹਿੰਦਰ ਸਿੰਘ ਗਰੇਵਾਲ ਕੰਗਨਵਾਲ ਫਾਰਮ ਦਾ ਵੀ ਦੌਰਾ ਕੀਤਾ । ਉਹ ਪੀ ਏ ਯੂ ਕਿਸਾਨ ਮੇਲਿਆਂ ਤੋਂ ਇਲਾਵਾ ਦਿੱਲੀ ਵਿੱਚ ਆਯੋਜਿਤ ਕੀਤੇ ਜਾਂਦੇ ਮੇਲਿਆਂ ਵਿੱਚ ਵੀ ਭਾਗ ਲੈਂਦੇ ਹਨ ।

ਸੰਨ 1997 ਵਿੱਚ ਸੇਮ ਅਤੇ ਅਮਰੀਕਨ ਸੁੰਡੀ ਕਾਰਨ ਨਰਮੇ ਦੀ ਫ਼ਸਲ ਛੱਡਣ ਤੋਂ ਬਾਅਦ ਕੁਝ ਰਕਬੇ ਵਿੱਚ ਝੋਨਾ/ਕਣਕ ਦਾ ਫ਼ਸਲੀ ਚੱਕਰ ਅਪਣਾ ਲਿਆ ਅਤੇ ਅੱਧੇ ਖੇਤ ਵਿੱਚ ਗੰਨੇ ਦੀ ਫ਼ਸਲ ਬੀਜੀ ਪ੍ਰੰਤੂ ਸੰਨ 2003 ਵਿੱਚ ਗੰਨੇ ਦੀ ਫ਼ਸਲ ਬੀਜਣੀ ਛੱਡ ਦਿੱਤੀ ਅਤੇ ਉਸ ਤੋਂ ਬਾਅਦ ਸਾਰੇ ਖੇਤ ਵਿੱਚ ਝੋਨਾ/ਬਾਸਮਤੀ/ਕਣਕ ਦਾ ਫ਼ਸਲੀ ਚੱਕਰ ਅਪਨਾ ਲਿਆ ਪਰ ਹੌਲੀ ਹੌਲੀ ਸਾਰਾ ਰਕਬਾ ਬਾਸਮਤੀ ਹੇਠ ਲਿਆਂਦਾ ।

ਸ. ਬਰਾੜ ਕੁਦਰਤੀ ਸੋਮਿਆਂ ਪ੍ਰਤੀ ਪੂਰਾ ਜਾਗਰੂਕ ਹਨ ਅਤੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਲਈ ਉਹ ਕਣਕ ਦੀ ਬਿਜਾਈ ਹੈਪੀ ਸੀਡਰ ਨਾਲ ਕਰਦੇ ਹਨ ਜਿਸ ਦੀ ਵਰਤੋਂ ਨਾਲ ਪੈਸੇ ਅਤੇ ਸਮੇਂ ਦੀ ਬੱਚਤ ਵੀ ਹੁੰਦੀ ਹੈ। ਲੇਜ਼ਰ ਲੈਂਡ ਲੈਵਲਰ ਨਾਲ ਜ਼ਮੀਨ ਨੂੰ ਪੱਧਰਾ ਕੀਤਾ ਹੋਇਆ ਹੈ । ਝੋਨੇ ਵਿੱਚ ਟੈਂਸ਼ੀਓਮੀਟਰ ਦੀ ਵਰਤੋਂ, ਜ਼ਮੀਨ ਦੇ ਪਾਣੀ ਦੀ ਸਿੰਚਾਈ ਲਈ ਜ਼ਮੀਨ ਦੋਜ਼ ਪਾਈਪਾਂ ਦੀ ਵਰਤੋਂ, ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਕਰਨਾ ਅਤੇ ਲੁਆਈ ਪੈਡੀ ਟਰਾਂਸਪਲਾਂਟਰ ਨਾਲ ਕਰਨਾ ਆਦਿ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ । ਜੈਵਿਕ ਖੇਤੀ ਸਾਢੇ ਚਾਰ ਏਕੜ ਵਿੱਚ ਉਨ੍ਹਾਂ ਦਾ ਵੱਡਾ ਭਰਾ ਸ. ਜਗਮੋਹਨ ਸਿੰਘ ਬਰਾੜ ਕਰਦਾ ਹੈ । ਆਉਣ ਵਾਲੇ ਸਮੇਂ ਵਿੱਚ ਆਪਣੇ ਬਰਾੜ ਨਾਮ ਤੇ ਜੈਵਿਕ ਉਤਪਾਦ ਮਾਰਕੀਟ ਵਿੱਚ ਲਿਆਉਣ ਦਾ ਇਰਾਦਾ ਹੈ। ਮਿੱਟੀ ਅਤੇ ਪਾਣੀ ਦਾ ਟੈਸਟ ਕਰਵਾਉਂਦੇ ਹਨ ਅਤੇ ਲੋੜ ਅਨੁਸਾਰ ਖਾਦਾਂ ਦੀ ਵਰਤੋਂ ਕਰਦੇ ਹਨ । ਘਰ ਦੇ ਬਰਸਾਤ ਦੇ ਪਾਣੀ ਨੂੰ ਟਿਊਬਵੈੱਲ ਬੋਰਵੈਲ ਰਾਹੀਂ ਜ਼ਮੀਨ ਵਿੱਚ ਭੇਜਦੇ ਹਨ ਅਤੇ ਪੱਤਾ ਰੰਗ ਚਾਰਟ ਦੀ ਵਰਤੋਂ ਕਰਦੇ ਹਨ । ਉਹ ਐਗਰੀਕਲਚਰਲ ਯੂਨੀਵਰਸਿਟੀ ਦੁਆਰਾ ਬੈਨ ਕੀਤੀਆਂ ਦਵਾਈਆਂ ਦੀ ਵਰਤੋਂ ਨਹੀਂ ਕਰਦੇ। ਫ਼ਸਲਾਂ ਦੀ ਰਹਿੰਦ-ਖੂੰਹਦ, ਝੋਨੇ ਅਤੇ ਕਣਕ ਦੇ ਨਾੜ ਅੱਗ ਨਾ ਲਗਾ ਕੇ ਵਾਤਾਵਰਣ ਅਤੇ ਜ਼ਮੀਨ ਦੀ ਸਿਹਤ ਬਚਾਉਂਦੇ ਹਨ ।

ਉਨ੍ਹਾਂ ਨੇ ਸੂਰਜਮੁਖੀ ਦੀ ਬਿਜਾਈ ਵਾਲੀ ਮਸ਼ੀਨ ਵਿੱਚ ਸੋਧ ਕੀਤੀ ਜਿਸ ਨਾਲ ਕਤਾਰਾਂ ਦਾ ਫ਼ਾਸਲਾ ਪੀ ਏ ਯੂ ਦੁਆਰਾ ਦੱਸੇ ਅਨੁਸਾਰ ਹੋ ਗਿਆ ਅਤੇ ਹੱਲਾ ਇੱਕ ਸਾਈਡ ਕਰਨ ਨਾਲ ਹੱਲ ਟਾਇਰਾਂ ਵਾਲੀ ਜਗ੍ਹਾ ਤੇ ਪਾਸੇ ਆਉਣ ਲੱਗ ਪਏ । ਇਸ ਮਸ਼ੀਨ ਦੀ ਸੁਧਾਈ ਤੇ ਖਰਚਾ 1500 ਰੁਪਏ ਆਇਆ ਪਰ ਇਸ ਨਾਲ ਸੂਰਜਮੁਖੀ ਦੀ ਉਗਾਈ ਵੱਧ ਹੋਈ ਅਤੇ ਝਾੜ ਵਿੱਚ ਵਾਧਾ ਹੋਇਆ। ਸੰਨ 2000 ਵਿੱਚ ਡਰੇਨ ਵਿੱਚੋਂ ਪਾਣੀ ਚੁੱਕਣ ਲਈ ਟਿਊਬਵੈੱਲ ਪੰਪ ਵਿੱਚ ਬਦਲਾਅ ਲਿਆਉਂਦਾ । ਆਮ ਲਿਫ਼ਟ ਪੰਪ 6X6 ਵਿੱਚ ਵੱਡਾ ਰੂਟਰ ਵਿੱਚ ਖੁਦ

ਬਦਲਾਵ ਲਿਆਂਦਾ ਅਤੇ ਦੋਨਾਂ ਫਾੜਿਆਂ ਵਿੱਚ ਇੱਕ ਇੰਚੀ ਮੋਟਾ ਪਟਾ ਪਾ ਕੇ ਜਗ੍ਹਾ ਵਧਾ ਦਿੱਤੀ, ਇਸ ਨਾਲ ਪੰਪ 8x8 ਜਿੰਨਾ ਪਾਣੀ ਦੇਣ ਲੱਗ ਪਿਆ ਅਤੇ ਡਰੇਨ ਵਿੱਚ ਪੰਪ ਚੋਕ ਹੋਣ ਦੀ ਸਮੱਸਿਆ ਤੋਂ ਛੁਟਕਾਰਾ ਮਿਲ ਗਿਆ। ਸੰਨ 2003 ਵਿੱਚ ਪਡਲਰ ਦੀ ਪੀ ਏ ਯੂ ਤੋਂ ਡਰਾਇੰਗ ਲੈ ਕੇ ਮੋਡੀਫਾਈ ਕਰਕੇ ਤਿਆਰ ਕੀਤਾ ਜਿਸ ਨਾਲ ਘੱਟ ਵਹਾਈ ਦੇ ਨਾਲ ਖੇਤ ਤਿਆਰ ਹੋ ਜਾਂਦਾ ਹੈ, ਸੁਹਾਗਾ ਘੱਟ ਫੇਰਨਾ ਪੈਂਦਾ ਹੈ ਅਤੇ ਪੈਸੇ ਅਤੇ ਸਮੇਂ ਦੀ ਬੱਚਤ ਵੀ ਹੁੰਦੀ ਹੈ । ਸੰਨ 2009 ਵਿੱਚ ਉਨ੍ਹਾਂ ਨੇ ਪੈਡੀ ਟਰਾਂਸਪਲਾਂਟਰ ਵਿੱਚ ਲੋੜ ਅਨੁਸਾਰ ਬਦਲਾਵ ਕੀਤਾ ਅਤੇ ਮੈਟ ਟਾਈਪ ਪਨੀਰੀ ਬੀਜਣ ਦੀ ਤਕਨੀਕ ਵਿਕਸਤ ਕੀਤੀ । ਉਨ੍ਹਾਂ ਨੇ ਪੈਡੀ ਟਰਾਂਸਪਲਾਂਟਰ ਤੇ ਅਡਜੈਸਟੇਬਲ ਛਤਰੀ ਲਗਾਈ ਜਿਸ ਨਾਲ ਡਰਾਈਵਰ, ਹੈਲਪਰ ਅਤੇ ਮਸ਼ੀਨ ਉੱਪਰ ਰੱਖੀ ਪਨੀਰੀ ਲਈ ਛਾਂ ਦਾ ਪ੍ਰਬੰਧ ਹੋ ਗਿਆ । ਪਨੀਰੀ ਮੈਟ ਵੱਧ ਰੱਖਣ ਲਈ ਸ਼ੈਲਫਾਂ ਲਾਈਆਂ ਇਸ ਨਾਲ ਮਸ਼ੀਨ ਤੇ ਵੱਧ ਤੋਂ ਵੱਧ ਪਨੀਰੀ ਰੱਖ ਕੇ ਦੂਰ ਤੱਕ ਲਿਜਾਇਆ ਜਾ ਸਕਦਾ ਹੈ। ਮੈਟ ਸਹੀ ਰੱਖਣ ਲਈ ਸਪੋਰਟ ਲਗਾਈ ਇਸ ਨਾਲ ਮਸ਼ੀਨ ਦੀ ਵਰਤੋਂ ਵੇਲੇ ਪਨੀਰੀ ਦੇ ਪੱਤੇ ਥੱਲੇ ਨਹੀਂ ਲਮਕਦੇ ਅਤੇ ਰੋਬਿੰਟ ਫਿੰਗਰ ਸਹੀ ਤਰੀਕੇ ਨਾਲ ਖੇਤ ਵਿੱਚ ਖੜੇ ਬੂਟੇ ਲਗਾਉਂਦੀ ਹੈ । ਮਸ਼ੀਨ ਨੂੰ ਖੁਭਣ ਤੋਂ ਕੱਢਣ ਲਈ ਚੱਪੂ ਹੇਠ ਲੱਕੜੀ ਦਾ ਗੋਲਾ ਲਗਾ ਦਿੱਤਾ ਜਿਸ ਨਾਲ ਮਸ਼ੀਨ ਆਪਣੇ ਆਪ ਬਾਹਰ ਨਿਕਲਣੀ ਸੰਭਵ ਹੋ ਗਈ । ਹੈਪੀ ਸੀਡਰ ਨਾਲ ਬਿਜਾਈ ਕਰਕੇ ਖੇਤ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾਉਂਦੇ ਜਿਸ ਨਾਲ ਤਕਰੀਬਨ 7 ਤੋਂ 8 ਟਨ ਪ੍ਰਤੀ ਕਿੱਲਾ ਪਰਾਲੀ ਖੇਤ ਵਿੱਚ ਖਾਦ ਦੇ ਰੂਪ ਵਿੱਚ ਕੰਮ ਆਉਂਦੀ ਹੈ। ਪਰਾਲੀ ਮਲਚਿੰਗ ਦਾ ਕੰਮ ਕਰਦੀ ਹੈ ਜਿਸ ਨਾਲ ਖੇਤ ਵਿੱਚ ਨਦੀਨ ਨਹੀਂ ਹੁੰਦੇ, ਪਾਣੀ ਵੀ ਘੱਟ ਲੱਗਦਾ ਹੈ ਅਤੇ ਵਾਤਾਵਰਨ ਦੂਸ਼ਿਤ ਹੋਣ ਤੋਂ ਬਚਦਾ ਹੈ। ਉਨ੍ਹਾਂ ਨੇ ਹੈਪੀ ਸੀਡਰ ਵਿੱਚ ਸੋਧ ਕਰਕੇ ਫਲੇਲ ਟਾਈਪ ਬਲੇਡ ਪਾਏ ਜਿਸ ਨਾਲ ਝੋਨੇ ਦੀ ਪਰਾਲੀ ਪੂਰੀ ਤਰ੍ਹਾਂ ਬਰੀਕ ਹੋ ਕੇ ਮਲਚ ਹੋ ਜਾਂਦੀ ਹੈ ਇਸ ਤਰ੍ਹਾਂ ਕਰਨ ਨਾਲ ਕਣਕ ਕਮਜ਼ੋਰ ਨਹੀਂ ਹੁੰਦੀ ਅਤੇ ਧੁੱਪ, ਹਵਾ ਆਦਿ ਪੂਰੀ ਤਰ੍ਹਾਂ ਲੱਗਦੀ ਹੈ । ਉਨ੍ਹਾਂ ਨੇ 40 ਕੇ ਵੀ ਏ ਕਰਪਟਨ ਜਨਰੇਟਰ ਟਾਟਾ ਦਾ 40 ਨੰਬਰ ਗੇਅਰ ਉਲਟਾ ਕਰਕੇ ਲਗਾਇਆ ਜਿਸ ਨਾਲ 6 ਵੱਖ ਵੱਖ ਤਰ੍ਹਾਂ ਦੀਆਂ ਸਪੀਡਾਂ ਬਣਾਉਣੀਆਂ ਸੰਭਵ ਹੋਈਆਂ । ਇਸ ਤਰ੍ਹਾਂ ਕਰਨ ਨਾਲ ਇਹ ਵੱਖ ਵੱਖ ਐਮੀ.ਪੀ.ਆਰ. ਤੱਕ ਅਸਾਨੀ ਨਾਲ ਵੱਖ ਵੱਖ ਹਾਰਸ ਪਾਵਰ ਦੇ ਟਰੈਕਟਰ ਤੇ ਚਲਾਇਆ ਜਾ ਸਕਦਾ ਹੈ ਜਿਸ ਨਾਲ ਇੱਕ ਤੋਂ ਤਿੰਨ ਲੀਟਰ ਡੀਜ਼ਲ ਪ੍ਰਤੀ ਘੰਟਾ ਬੱਚਤ ਹੁੰਦੀ ਹੈ ।

ਉਹ ਪਿਛਲੇ ਦੋ ਸਾਲਾਂ ਤੋਂ ਸ੍ਰੀ ਕੁੰਦਨ ਲਾਲ ਐਂਡ ਸੰਨਜ਼ ਗਿੱਦੜਬਾਹਾ ਲਈ ਬੀਜ ਦੀ ਪੈਦਾਵਾਰ ਕਰ ਰਹੇ ਹਨ ਅਤੇ ਵਧੀਆ ਆਮਦਨ ਹੋ ਰਹੀ ਹੈ। ਸਾਲ

2011 ਵਿੱਚ ਬਾਸਮਤੀ ਪੂਸਾ 1121 ਦਾ ਆਪਣਾ ਸੀਡ ਸਰਟੀਫਿਕੇਸ਼ਨ ਇੱਕ ਉਂਕਾਰ ਸੀਡ ਫਾਰਮ ਦੇ ਨਾਮ ਤੇ ਕਰਵਾ ਲਿਆ ਹੈ ਅਤੇ ਭਵਿੱਖ ਵਿੱਚ ਵੱਡੇ ਪੱਧਰ ਤੇ ਬੀਜ ਉਤਪਾਦਨ ਕਰਨ ਦਾ ਮਨ ਬਣਾਇਆ ਹੈ ।

ਉਨ੍ਹਾਂ ਨੇ ਘਰੇਲੂ ਖਪਤ ਲਈ ਡੰਗਰ ਵੀ ਰੱਖੇ ਹੋਏ ਹਨ ਜਿਨ੍ਹਾਂ ਤੋਂ 20 ਲਿਟਰ ਪ੍ਰਤੀ ਦਿਨ ਦੁੱਧ ਉਤਪਾਦਨ ਹੋ ਜਾਂਦਾ ਹੈ । ਉਹ ਪਸ਼ੂਆਂ ਦੇ ਗੋਹੇ ਅਤੇ ਮਲ ਮੂਤਰ ਦੀ ਵਰਤੋਂ ਬਾਇਓਗੈਸ ਪਲਾਂਟ ਲਈ ਕਰਦੇ ਹਨ, ਇਸ ਦੀ ਵਰਤੋਂ ਨਾਲ ਬਾਲਣ ਦੇ ਮੁਕਾਬਲੇ ਘੱਟ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ ਅਤੇ ਖੇਤਾਂ ਲਈ ਸਲਰੀ ਵਾਲੀ ਵਧੀਆ ਖਾਦ ਮਿਲਦੀ ਹੈ ।

ਸ. ਬਰਾੜ ਨੇ ਕਈ ਜ਼ਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਇਨਾਮ ਹਾਸਲ ਕੀਤੇ ਹਨ । ਉਨ੍ਹਾਂ ਨੂੰ ਉੱਤਰੀ ਜੋਨ ਵਿੱਚੋਂ ਕ੍ਰਿਸ਼ਕ ਸਮਰਾਟ ਦਾ ਇਨਾਮ ਵੀ ਹਾਸਲ ਹੋਇਆ ਹੈ । ਉਹ ਹਾੜ੍ਹੀ ਸਾਉਣੀ ਸੰਬੰਧੀ ਲਗਾਏ ਜਾਂਦੇ ਕੈਂਪਾਂ ਵਿੱਚ ਕਿਸਾਨਾਂ ਨੂੰ ਬੇਹਤਰ ਖੇਤੀ ਕਰਨ ਬਾਰੇ ਜਾਣਕਾਰੀ ਵੀ ਦਿੰਦੇ ਹਨ । ਕੁਦਰਤੀ ਸੋਮਿਆਂ ਬਾਰੇ ਚਿੰਤਤ ਇਹ ਉੱਦਮੀ ਕਿਸਾਨ ਵੱਖ-ਵੱਖ ਟ੍ਰੇਨਿੰਗ ਪ੍ਰੋਗਰਾਮਾਂ ਵਿੱਚ 'ਪਾਣੀ ਖੇਤੀ ਦਾ ਆਧਾਰ ਹੈ ਇਸ ਦੀ ਬੱਚਤ ਕਰੋ' ਬਾਰੇ ਕਿਸਾਨਾਂ ਨੂੰ ਜਾਗਰੂਕ ਵੀ ਕਰਦੇ ਹਨ । ਉਨ੍ਹਾਂ ਨੇ ਖੇਤੀ ਵਿੱਚ ਅੱਗੇ ਵਧਣ ਦੀ ਚਾਹਤ ਵਿੱਚ ਬਹੁਤ ਸੁਪਨੇ ਸੰਜੋਏ ਹਨ ਅਤੇ ਉਹ 'ਸ਼ੁਭ ਕਰਮਨ ਤੇ ਕਬਹੂ ਨਾ ਟਰੂ, ਨਿਸਚੇ ਕਰ ਅਪਨੀ ਜੀਤ ਕਰੂ' ਦੀ ਪ੍ਰੇਰਨਾ ਤੋਂ ਪ੍ਰਭਾਵਿਤ ਹੋ ਕੇ ਸਮਾਜ ਭਲਾਈ ਦੇ ਕੰਮਾਂ ਲਈ ਹਮੇਸ਼ਾਂ ਤਤਪਰ ਰਹਿੰਦੇ ਹਨ ।